# International Human Rights Organisation

## *Of the Indian Subcontinent*

**210, New Judicial Courts Complex, Ludhiana- 141 001**

### ਪ੍ਰੈਸ ਨੋਟ

ਜਲੰਧਰ, 15 ਜਨਵਰੀ- ਇੰਟਰਨੈਸ਼ਲ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਨੇ ਅੱਜ ਇਥੇ ਅਖੰਡ ਕੀਰਤਨੀ ਜੱਥਾ ਅਤੇ ਸਥਾਨਿਕ ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਸ਼ਲਾਗਾ ਕੀਤੀ ਕਿ ਉਨ੍ਹਾਂ ਨੇ ਪ੍ਰੋਫੈਸਰ ਦਰਸ਼ਨ ਸਿੰਘ ਰਾਗੀ ਨੂੰ ਫਿਟਕਾਰ ਪਾਈ ਹੈ ਜੋ ਅੱਜ ਕੱਲ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੀ ਬਾਣੀ ਦਾ ਨਿਰਾਦਰ ਅਤੇ ਨੰਦਿਆ ਕਰਦਾ ਹੈ, ਅਤੇ ਅਜਿਹੇ ਲੋਕਾਂ ਨੂੰ ਫਿਟਕਾਰ ਪਾਉਣੀ ਅਤੇ ਉਨ੍ਹਾਂ ਵਿਰੁਧ ਕਾਨੂੰਨੀ ਕਰਨ ਕਰਨ ਲਈ ਆਈ ਐਚ ਆਰ ਓ ਨੇ ਆਪਣੀ ਬਚਨ-ਬੰਧਤਾ ਵੀ ਦੁਰਹਾਈ।

ਆਈ ਐਚ ਆਰ ਓ ਦੇ ਚੇਅਰਪਰਸਨ ਡੀ ਐਸ ਗਿੱਲ ਅਤੇ ਇਸ ਦੇ ਸਿੱਖ ਮਾਮਲਿਆਂ ਦੇ ਕੋਆਡੀਨੇਟਰ ਗੁਰਚਰਨਜੀਤ ਸਿੰਘ ਲਾਂਬਾ ਨੇ ਇਥੇ ਇੱਕ ਬਿਆਨ ਵਿਚ ਕਿਹਾ, "ਅਸੀਂ ਜੱਥੇਦਾਰ ਜਗਜੀਤ ਸਿੰਘ ਅਤੇ ਰਣਵੀਰ ਸਿੰਘ, ਕਰਮਵਾਰ ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ 'ਤੇ ਸਕੱਤਰ, ਦੀ ਤਹਿ ਦਿਲੋਂ ਕਦਰ ਅਤੇ ਕਰਦੇ ਹਾਂ ਜਿਨਾਂ ਨੇ ਦਰਸ਼ਨ ਸਿੰਘ ਰਾਗੀ ਨੂੰ ਮਾਘੀ ਵਾਲੇ ਦਿਹਾੜੇ ਮੌਕੇ ਗੁਰਦਵਾਰਾ ਸਾਹਿਬ ਵਿਚ ਕੀਰਤਨ ਕਰਨੋ ਬੰਦ ਕੀਤਾ ਕਿਉਂਕਿ ਉਹ ਦਸਮ ਬਾਣੀ ਦਾ ਨਿਰਾਦਰ ਕਰ ਰਿਹਾ ਸੀ।

ਆਈ ਐਚ ਆਰ ਓ ਦੇ ਲੀਡਰਾਂ ਨੇ ਇਹ ਵੀ ਦੱਸਿਆ ਕਿ ਇਸ ਤੋਂ ਪਹਿਲੋਂ ਦਰਸ਼ਨ ਸਿੰਘ ਰਾਗੀ ਨੇ ਸੱਚ ਖੰਡ ਸ੍ਰੀ ਹਰਮੰਦਰ ਸਾਹਿਬ ਵਿਖੇ ਕੀਰਤਨ ਕਰਨ ਲਈ ਵੀ ਆਗਿਆ ਮੰਗੀ ਸੀ ਪਰ ਉਸ ਨੂੰ ਜੱਥੇਦਾਰ ਅਵਤਾਰ ਸਿੰਘ ਮੱਕੜ ਨੇ ਨਾਂਹ ਕਰ ਦਿੱਤੀ ਸੀ।

ਮਨੁੱਖੀ ਅਧਿਕਾਰਾਂ ਦੇ ਰਾਖਿਆਂ ਨੇ ਵੜੀ ਹੈਰਾਨੀ ਪ੍ਰਗਟ ਕੀਤੀ ਕਿ ਪ੍ਰੋਫੈਸਰ ਦਰਸ਼ਨ ਸਿੰਘ ਬਤੌਰ ਰਾਗੀ ਪਿਛਲੇ ਕਾਫੀ ਸਮੇਂ ਤੋਂ ਦਸਮ ਬਾਣੀ ਦਾ ਕੀਰਤਨ, ਇਸ ਦੀ ਵਿਆਖਿਆ ਅਤੇ ਇਸ ਬਾਰੇ ਲਿਖਦਾ ਆ ਰਿਹਾ ਹੈ ਪਰ ਅਚਾਣਕ ਕਾਲਾ ਅਫਗਾਨਾ ਨੂੰ ਅਕਾਲ ਤਖਤ ਵਲੋਂ ਪੰਥ ਵਿਚੋਂ ਸੇਕਣ ਤੋਂ ਬਾਅਦ, ਰਾਗੀ ਨੇ ਉਸ ਦਾ ਰਾਗ ਹੀ ਅਲਾਪਣਾ ਸ਼ੁਰੂ ਕਰ ਦਿੱਤਾ ਹੈ, ਦਾਲ੍ਹ ਵਿਚ ਜ਼ਰੂਰ ਕੁਛ ਕਾਲਾ ਹੈ?, ਉਨ੍ਹਾਂ ਕਿਹਾ।

ਆਈ ਐੱਚ ਆਰ ਓ ਨੇ ਅਖੰਡ ਕੀਰਤਨੀ ਜੱਥਾ ਦੇ ਲੀਡਰਾਂ ਡਾ: ਬਲਵਿੰਦਰ ਸਿੰਘ ਅਤੇ ਭਾਈ ਮੋਹਕਮ ਸਿੰਘ ਦੀ ਵੀ ਸ਼ਲਾਗਾ ਕੀਤੀ ਹੈ ਜਿਨ੍ਹਾਂ ਨੇ ਦਰਸ਼ਨ ਸਿੰਘ ਰਾਗੀ ਨੂੰ ਤਾੜਨਾ ਕੀਤੀ ਹੈ ਕਿ ਉਹ ਇਨ੍ਹਾਂ ਕੁਕਰਮਾਂ ਤੋਂ ਵਾਜ਼ ਆਵੇ ਅਤੇ ਜੇ ਉਸ ਨੂੰ ਕੋਈ ਭੁਲੇਖਾ ਹੈ ਤਾਂ ਉਹ ਪੰਥਕ ਵਿਦਵਾਨਾਂ ਡਾ: ਜੋਧ ਸਿੰਘ, ਗਿਆਨੀ ਸ਼ੇਰ ਸਿੰਘ ਅੰਬਾਲਾ, ਕੰਵਰ ਅਜੀਤ ਸਿੰਘ, ਡਾ: ਅਨੋਖ ਸਿੰਘ ਬਠਿੰਡਾ ਆਦਿ ਨਾਲ ਜਨਤਕ ਤੌਰ 'ਤੇ ਵਿਚਾਰ ਕਰੇ।

ਆਈ ਐਚ ਆਰ ਓ ਨੇ ਸਾਰੇ ਸਿੱਖ ਅਦਾਰੇ, ਜੱਥੇਬੰਦੀਆਂ ਅਤੇ ਗਰੁੱਪਾਂ ਨੂੰ ਸੱਦਾ ਦਿੱਤਾ ਹੈ ਕਿ ਉਹ, ਸਮੇਤ ਸ੍ਰੀ ਅਕਾਲ ਤਖਤ ਸਾਹਿਬ, ਖਾਲਸਾ ਐਕਸ਼ਨ ਕਮੇਟੀ, ਦਮਦਮੀ ਟਕਸਾਲ ਅਤੇ ਐੱਸ ਜੀ ਪੀ ਸੀ, ਦਰਸ਼ਨ ਸਿੰਘ ਰਾਗੀ ਦੀਆਂ ਇਨ੍ਹਾਂ ਗੈਰਕਾਨੂੰਨੀ ਅਤੇ ਪੰਥ ਵਿਰੋਧੀ ਕਾਰਵਾਈਆਂ ਦਾ ਨੋਟਿਸ ਲੈਣ ਅਤੇ ਉਸ ਨੂੰ ਨੱਥ ਪਾਉਣ।

ਇਸੇ ਦੌਰਾਨ ਆਈ ਐੱਚ ਆਰ ਓ ਦੇ ਕੋਰ ਗਰੁੱਪ ਨੇ ਇਕ ਮੀਟਿੰਗ ਵਿਚ ਫੈਸਲਾ ਲਿਆ ਹੈ ਕਿ ਜੇਕਰ ਦਰਸ਼ਨ ਸਿੰਘ ਰਾਗੀ ਆਪਣੀਆਂ ਕਾਰਵਾਈਆਂ ਤੋਂ ਵਾਜ਼ ਨਾ ਆਇਆ ਤਾਂ ਇਹ ਦਫਾ 295-ਏ ਆਈ ਪੀ ਸੀ ਅਧੀਨ ਉਸ ਵਿੱਰੁਧ ਕਾਨੂੰਨੀ ਕਾਰਵਾਈ ਕਰੇਗੀ। ਇਸ ਗਲ ਦਾ ਪ੍ਰਗਟਾਵਾ ਜੱਥੇਬੰਦੀ ਦੇ ਜਨਰਲ ਸਕੱਤਰ ਮਹਿੰਦਰ ਸਿੰਘ ਗਰੇਵਾਲ ਅਤੇ ਕੋਆਡੀਨੇਟਰ (ਕਾਨੂੰਨੀ ਮਸਲੇ) ਸੁਖਦੇਵ ਸਿੰਘ ਨੇ ਕੀਤਾ।

(ਡੀ ਐੱਸ ਗਿੱਲ)